British Columbia's
Office of the Human Rights
Commissioner

# ਬ੍ਰਿਟਿਸ਼ ਕੋਲੰਬੀਆ ਵਿੱਚ ਡਿਸਐਗਰੀਗੇਟਡ ਜਨ-ਸੰਖਿਆ ਸੰਬੰਧੀ ਅੰਕੜੇ ਇਕੱਠੇ ਕਰਨਾ: ਇੱਕ ਦਾਦੀ ਦਾ ਪਰਿਪੇਖ



ਸਤੰਬਰ 2020

# ਬ੍ਰਿਟਿਸ਼ ਕੋਲੰਬੀਆ ਵਿੱਚ ਡਿਸਐਗਰੀਗੇਟਡ ਜਨ-ਸੰਖਿਆ ਸੰਬੰਧੀ ਅੰਕੜੇ ਇਕੱਠੇ ਕਰਨਾ: ਇੱਕ ਦਾਦੀ ਦਾ ਪਰਿਪੇਖ

ਸਤੰਬਰ 2020

© ਬੀ. ਸੀ. ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦਾ ਦਫਤਰ
750 – 999 Canada Place
Vancouver, BC V6C 3E1
1-844-922-6472 | **info@bchumanrights.ca**

British Columbia's
**Office of the Human Rights Commissioner**



ਬੀ ਸੀ ਹਿਊਮਨ ਰਾਈਟਸ ਕਮਿਸ਼ਨਰ
ਕਸਾਰੀ ਗਵੈਂਡਰ

British Columbia's
**Office of the Human Rights Commissioner**

# ਪ੍ਰਬੰਧਕੀ ਸਾਰ

ਸਿਆਹ ਰੰਗ ਦੇ ਕੋਈ 56 ਫੀ ਸਦੀ ਕਨੇਡੀਅਨਾਂ ਨੇ ਕੋਵਿਡ-19[1] ਦੌਰਾਨ ਨੌਕਰੀ ਤੋਂ ਜਵਾਬ ਮਿਲਣ ਜਾਂ ਕੰਮ ਦੇ ਘੰਟੇ ਘਟਾਏ ਜਾਣ ਦੀ ਸੂਚਨਾ ਦਿੱਤੀ ਹੈ।

ਬੀ. ਸੀ ਵਿੱਚ ਕੇਵਲ 25 ਫੀ ਸਦੀ ਮੂਲਵਾਦੀ ਭਾਈਚਾਰਿਆਂ ਕੋਲ ਮੁਢਲੀ ਇੰਟਰਨੈੱਟ ਦੀ ਸਹੂਲਤ[2] ਹੈ।

40 ਫੀ ਸਦੀ ਤੋਂ ਜ਼ਿਆਦਾ ਬੇਘਰੇ ਨੌਜਵਾਨ ਐਲ ਜੀ ਬੀ ਟੀ ਕਿਉ 2ਐੱਸ+ ਨਾਲ ਸੰਬੰਧਤ[3] ਹਨ।

ਸ਼ਕਤੀਸ਼ਾਲੀ ਕਥਨ ਅੰਕੜਿਆਂ ਨੂੰ ਉਹਨਾਂ ਦੇ ਹਿੱਸਿਆਂ ਵਿੱਚ ਵੰਡਣ (disaggregated data) ਨਾਲ ਸੰਭਵ ਹੁੰਦੇ ਹਨ।

ਸਾਡੇ ਸਮਾਜ ਵਿੱਚ ਵਿਵਸਥਿਤ ਅਸਮਾਨਤਾਵਾਂ ਨੂੰ ਸਾਹਮਣੇ ਲਿਆ ਕੇ ਅੰਕੜੇ ਉਸਾਰੂ ਤਬਦੀਲੀ ਲਈ ਰਾਹ ਪੱਧਰਾ ਕਰ ਸਕਦੇ ਹਨ। ਉਹੀ ਅੰਕੜੇ, ਜੇ ਮਾੜੇ ਤਰੀਕੇ ਨਾਲ ਵਰਤੇ ਜਾਂ ਇਕੱਠੇ ਕੀਤੇ ਜਾਣ, ਤਾਂ ਭਾਈਚਾਰਿਆਂ ਦੀ ਬਦਨਾਮੀ ਨੂੰ ਪੱਕਾ ਕਰਨ ਅਤੇ ਵਿਅਕਤੀਗਤ ਅਤੇ ਭਾਈਚਾਰਕ ਨੁਕਸਾਨ ਪਹੁੰਚਾਉਣ ਨੂੰ ਬਲ ਮਿਲੇਗਾ।

**ਡਿਸਐਗਰੀਗੇਟਡ** ਡੈਟਾ ਜਾਣਕਾਰੀ ਦੀਆਂ ਉੱਪਸ਼੍ਰੇਣੀਆਂ ਨਾਲ ਸੰਬੰਧਤ ਅੰਕੜਿਆਂ ਨੂੰ ਆਖਦੇ ਹਨ, ਉਦਾਹਰਣ ਦੇ ਤੌਰ ਤੇ ਨਸਲੀ ਵਰਗ, ਲਿੰਗ, ਕਿੱਤਾ ਜਾਂ ਵਿਦਿਅਕ ਪੱਧਰ **ਅਨੁਸਾਰ। ਇਹਨਾਂ** ਨੂੰ ਕਈ ਵਾਰ ਜਨ-ਅੰਕੜਾ ਸ਼੍ਰੇਣੀਆਂ ਵੀ ਕਿਹਾ ਜਾਂਦਾ ਹੈ। ਲੋਕ ਇਸ ਕਿਸਮ ਦੇ ਅੰਕੜੇ ਅਜੇਹੇ ਸਰਵੇਖਣਾਂ ਰਾਹੀਂ ਦਿੰਦੇ ਹਨ ਜਿਹਨਾਂ ਵਿੱਚ ਉਹਨਾਂ ਨੂੰ ਪੁੱਛਿਆ ਜਾਂਦਾ ਹੈ ਕਿ ਉਹ ਆਪਣੀ ਪਛਾਣ ਇਹਨਾਂ ਸ਼੍ਰੇਣੀਆਂ ਜਾਂ ਹੋਰਨਾਂ ਨਾਲ ਮੇਲ ਕੇ ਕਰਾ ਸਕਦੇ ਹਨ। ਇਸ ਜਾਣਕਾਰੀ ਵਿੱਚੋਂ ਫਿਰ ਆਮ ਤੌਰ ਤੇ ਨਿੱਜੀ ਪਛਾਣ ਹਟਾ ਲਈ ਜਾਂਦੀ ਹੈ- ਜਿਵੇਂ ਕਿ ਨਾਮ ਜਾਂ ਜਨਮ ਮਿਤੀ ਨੂੰ ਹਟਾਉਣਾ- ਅਤੇ ਇਸਨੂੰ ਅੰਕੜਿਆਂ ਦੇ ਵਿਸ਼ਲੇਸ਼ਣ ਵਿੱਚ ਵਰਤਿਆ ਜਾਂਦਾ ਹੈ। **ਐਗਰੀਗੇਟਡ ਡੈਟਾ** ਦੇ ਉਲਟ, ਜਿਸ ਵਿੱਚ **ਸਾਰੀ ਜਾਣਕਾਰੀ ਇਕੱਠੀ ਦਰਜ ਹੁੰਦੀ ਹੈ**, ਡਿਸਐਗਰੀਗੇਟਡ ਡੈਟਾ ਵੱਖ ਵੱਖ ਸ਼੍ਰੇਣੀਆਂ [4] ਦਰਮਿਆਨ ਨਾਬਰਾਬਰੀਆਂ ਅਤੇ ਸੰਬੰਧਾਂ ਨੂੰ ਦਰਸਾ ਸਕਦਾ ਹੈ।

16 ਜੂਨ 2020 ਨੂੰ ਪ੍ਰੀਮੀਅਰ ਜੌਨ ਹੌਰਗਨ ਨੇ ਬੀਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਅਤੇ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਨੂੰ ਇਹ ਦੱਸਣ ਲਈ ਸੱਦਿਆ ਕਿ ਵਿਵਸਥਿਤ ਨਸਲਵਾਦ ਨਾਲ ਨਿਪਟਣ ਲਈ ਨਸਲ-ਅਧਾਰਿਤ, ਮੂਲਵਾਦੀ ਅਤੇ ਹੋਰ ਡਿਸਐਗਰੀਗੇਟਡ ਅੰਕੜੇ ਇਕੱਠੇ ਕਰਨ ਲਈ ਇੱਕ ਪਾਲਿਸੀ ਉਪਰਾਲਾ ਬਣਾਇਆ ਗਿਆ ਹੈ। ਅਸੀਂ ਸੱਦੇ ਨੂੰ ਪ੍ਰਵਾਨ ਕੀਤਾ ਅਤੇ ਪਿਛਲੇ ਦੋ ਮਹੀਨਿਆਂ ਦੌਰਾਨ ਇੱਕ ਪ੍ਰੋਜੈਕਟ ਚਲਾਇਆ ਜਿਸ ਵਿੱਚ ਭਾਈਚਾਰੇ ਨਾਲ ਸਲਾਹ ਮਸ਼ਵਰਾ, ਲੰਬੀ ਚੌੜੀ ਸਾਹਿਤ ਦੀ ਪੜਚੋਲ ਅਤੇ ਪਾਲਿਸੀ ਦਾ ਵਿਸ਼ਲੇਸ਼ਣ ਸ਼ਾਮਲ ਸਨ।

ਇਹ ਰਿਪੋਰਟ ਡਿਸਐਗਰੀਗੇਟਡ ਅੰਕੜੇ ਇਕੱਠੇ ਕਰਨ ਲਈ ਇੱਕ ਢਾਂਚਾ ਪੇਸ਼ ਕਰਦੀ ਹੈ ਜਿਹੜਾ ਟੂਨੈਕਸਾ ਨੇਸ਼ਨ ਦੇ ਗਵੈਨ ਫਿਲਪਸ, ਜੋ ਬੀਸੀ ਫਸਟ ਨੇਸ਼ਨਜ਼ ਡੈਟਾ ਗਵਰਨੈਂਸ ਇਨੀਸ਼ਿਏਟਿਵ ਚੈਮਪੀਅਨ ਹੈ, ਵੱਲੋਂ ਪੇਸ਼ ਕੀਤੇ ਗਏ "ਦ ਗਰੈਂਡਮਦਰ ਪ੍ਰਸਪੈਕਟਿਵ" ਤੇ ਅਧਾਰਿਤ ਹੈ। ਬੁਨਿਆਦੀ ਤੌਰ ਤੇ ਇਹ ਪੇਸ਼ਕਸ਼ ਸੰਬੰਧਾਂ ਦੀ ਮਹੱਤਤਾ ਦੇ ਦੁਆਲੇ ਘੁੰਮਦੀ ਹੈ:

> "ਫਸਟ ਨੇਸ਼ਨਜ਼ ਸਰਕਾਰਾਂ ਬਿੱਗ ਬ੍ਰਦਰ ਮਾਨਸਿਕਤਾ ਨਾਲ ਕੰਮ ਕਰਨਾ ਨਹੀਂ ਚਾਹੁੰਦੀਆਂ ਜਿਸ ਉੱਪਰ ਸਾਨੂੰ ਇਹ ਵਿਸ਼ਵਾਸ ਕਰਨ ਲਈ ਤਿਆਰ ਕੀਤਾ ਗਿਆ ਹੈ ਕਿ ਅੰਕੜੇ ਸਾਡੇ ਨਾਲ ਕੀ ਕਰਦੇ ਹਨ-ਇਹ ਜ਼ਿਆਦਾ ਇਸ ਬਾਰੇ ਹੈ ਕਿ ਅਸੀਂ ਗਰੈਂਡਮਦਰ ਪ੍ਰਸਪੈਕਟਿਵ ਤੇ ਚੱਲਣਾ ਚਾਹੁੰਦੇ ਹਾਂ।ਸਾਨੂੰ ਜਾਣਨ ਦੀ ਲੋੜ ਹੈ ਕਿਉਂਕਿ ਅਸੀਂ ਪਰਵਾਹ ਕਰਦੇ ਹਾਂ।"

1. ਅਫਰੀਕਨ-ਕਨੇਡੀਅਨ ਸਿਵਕ ਇਨਗੇਜਮੈਂਟ ਕਾਉਂਸਲ ਅਤੇ ਇਨੋਵੇਟਿਵ ਰੀਸਰਚ ਗਰੁੱਪ, 2020
2. ਯੂਨੀਅਨ ਆਫ ਬੀ ਸੀ ਇੰਡੀਅਨ ਚੀਫਜ਼, 2020.
3. ਟਰੂ ਕਲਰਜ਼ ਯੂਨਾਈਟਡ, 2020. ਐਲ ਜੀ ਬੀ ਟੀ ਕਿਊ2ਐਸ+ ਤੋਂ ਮਤਲਬ ਹੈ ਲੈਜ਼ਬੀਅਨ, ਗੇਅ, ਬਾਈਸੈਕਸ਼ੂਅਲ, ਟਰਾਂਸਜੈਂਡਰ, ਕੁਈਅਰ, ਟੂ-ਸਪਿਰਟਡ, ਹੋਰ ਲਿੰਗਕ ਅਤੇ ਸੈਕਸ਼ੂਅਲ ਘੱਟ ਗਿਣਤੀਆਂ।
4. ਰਾਈਟ ਟੂ ਐਜੂਕੇਸ਼ਨ, 2017.

“ਅਸੀਂ ਉਸ ‘ਤੇ ਕਾਰਵਾਈ ਨਹੀਂ ਕਰ ਸਕਦੇ ਜਿਸ ਨੂੰ ਅਸੀਂ ਨਹੀਂ ਜਾਣਦੇ।ਇਹ ਜਾਣਕਾਰੀ ਲਈ ਇੱਕ ਪੁਕਾਰ ਹੈ। ਅਸੀਂ ਪਹਿਲਾਂ ਆਦਰਯੋਗ ਸੰਬੰਧਾਂ ਦੀ ਨੀਂਹ ਦੀ ਉਸਾਰੀ ਤੋਂ ਬਗੈਰ ਤਬਦੀਲੀ ਨਹੀਂ ਲਿਆ ਸਕਦੇ। ਇਹ ਇੱਕ ਸਾਰਥਕ ਸਾਂਝਦਾਰੀ ਵਿੱਚ ਭਾਈਚਾਰੇ ਨਾਲ ਮਿਲਕੇ ਕੰਮ ਕਰਨ ਲਈ ਪੁਕਾਰ ਹੈ। ਇਹ ਸਮਾਂ ਇਸ ਵਚਨਬੱਧਤਾ ਲਈ ਹੈ ਕਿ ਸਾਰੇ ਬ੍ਰਿਟਿਸ਼ ਕਲੰਬੀਆ ਵਿੱਚ ਸੰਸਥਾਗਤ ਨਸਲਵਾਦ ਅਤੇ ਜ਼ੁਲਮ ਵਿਰੁੱਧ ਨਿਸ਼ਾਨਾ ਸੇਧਿਆ ਜਾਵੇ ਅਤੇ ਸ਼ਬਦਾਂ ਤੋਂ ਅਸਲੀ ਤਬਦੀਲੀ ਤੱਕ ਜਾਇਆ ਜਾਵੇ। ਇਹ ਕਾਰਵਾਈ ਕਰਨ ਲਈ ਇੱਕ ਪੁਕਾਰ ਹੈ।”

—ਬੀ ਸੀ ਹਿਊਮਨ ਰਾਈਟਸ ਕਮਿਸ਼ਨਰ ਕਸਾਰੀ ਗਵੈਂਡਰ

ਅਸੀਂ ਅਜਿਹਾ ਢਾਂਚਾ ਲਾਗੂ ਕਰਦੇ ਹਾਂ ਜਿਹੜਾ ਮਾਧਿਅਮਾਂ, ਪ੍ਰਕਿਰਿਆ ਅਤੇ ਮਸਕਦ[5] ਦਰਮਿਆਨ ਮਹੱਤਵਪੂਰਣ ਫਰਕ ਨੂੰ ਬਿਆਨ ਕਰਦਾ ਹੈ। **ਡਿਸਐਗਰੀਗੇਟਡ ਅੰਕੜੇ ਸਿਰਫ ਇੱਕ ਮਾਧਿਅਮ ਹਨ (ਸੰਦਰਭ ਅਤੇ ਨਿਸ਼ਾਨੇ ਅਨੁਸਾਰ ਵਰਤਣ ਲਈ) ਅਤੇ ਇਹਨਾਂ ਨਾਲ ਇੱਕ ਅਜੇਹੀ ਪ੍ਰਕਿਰਿਆ ਜ਼ਰੂਰੀ ਹੈ ਜਿਹੜੀ ਨਸਲਵਾਦ ਅਤੇ ਜ਼ੁਲਮ ਨੂੰ ਠੱਲ੍ਹ ਪਾਉਣ ਅਤੇ ਨਿਰਪੱਖਤਾ ਲਿਆਉਣ ਦੇ ਮਕਸਦ ਦੀ ਹਮਾਇਤ ਕਰਦੀ ਹੋਵੇ।**

ਸਪੱਸ਼ਟ ਰੂਪ ਵਿੱਚ ਬਿਆਨ ਅਤੇ ਪ੍ਰਗਟ ਕੀਤੀ ਪ੍ਰਕਿਰਿਆ ਅਤੇ ਮਸਕਦ ਤੋਂ ਬਗੈਰ ਡਿਸਐਗਰੀਗੇਟਡ ਅੰਕੜਿਆਂ ਨਾਲ ਨੁਕਸਾਨ ਹੋਣ ਦਾ ਵਧੇਰੇ ਖਤਰਾ ਹੈ। ਵੱਖ ਵੱਖ ਵਿਚਾਰ ਇਸ ਚੀਜ਼ ਤੇ ਜ਼ੋਰ ਦਿੰਦੇ ਕਿ ਬਣਤਰੀ ਤਬਦੀਲੀ ਤੋਂ ਬਿਨਾਂ ਨਾਬਰਾਬਰੀਆਂ ਦੇ ਸਮਾਜਕ ਕਾਰਨਾਂ ਬਾਰੇ ਅੰਕੜੇ ਇਕੱਠੇ ਕਰਨਾ ਨਾਬਰਾਬਰੀ [6,7,8] ਨੂੰ ਸਥਿਰਤਾ ਪ੍ਰਦਾਨ ਕਰ ਸਕਦਾ ਹੈ।ਇਸ ਰਿਪੋਰਟ ਵਿੱਚ ਡਿਸਐਗਰੀਗੇਟਡ ਅੰਕੜਿਆਂ ਦੇ ਲਾਭਾਂ ਅਤੇ ਖਤਰਿਆਂ ਤੇ ਗੌਰ ਕਰਨ ਤੋਂ ਬਾਅਦ, ਅਸੀਂ ਪ੍ਰਕਿਰਿਆ ਅਤੇ ਮਕਸਦ ਦੇ ਆਧਾਰਾਂ ਦਾ ਵਰਨਣ ਕਰਦੇ ਹਾਂ ਤਾਂ ਜੋ ਲਾਭ ਹਾਸਲ ਕੀਤੇ ਜਾ ਸਕਣ ਅਤੇ ਖਤਰਿਆਂ ਨੂੰ ਘਟਾਇਆ ਜਾ ਸਕੇ।

ਇਸ ਪਹੁੰਚ ਤੋਂ ਬਗੈਰ, ਗਲਤ ਚੀਜ਼ ਉੱਪਰ ਕੇਂਦਰਿਤ ਹੋਣ ਦਾ ਖਤਰਾ ਹੈ। ਜਿਵੇਂ ਕਿ ਗਵੈਨ ਫਿਲਪਸ ਕਹਿੰਦੇ ਹਨ, "ਅਸੀਂ ਨਸਲ ਨੂੰ ਨਹੀਂ ਮਾਪ ਰਹੇ, ਅਸੀਂ ਨਸਲਵਾਦ ਨੂੰ ਮਾਪ ਰਹੇ ਹਾਂ। ਨਸਲਵਾਦ ਇੱਕ ਯੋਜਨਾਬੱਧ ਅਸਫਲਤਾ ਹੈ; ਨਸਲ-ਅਧਾਰਿਤ ਅੰਕੜਿਆਂ ਬਾਰੇ ਗੱਲ ਕਰਦੇ ਸਮੇਂ ਇਹ ਚੀਜ਼ ਸਪੱਸ਼ਟ ਕਰਨੀ ਜ਼ਰੂਰੀ ਹੈ।"

ਸੰਖੇਪ ਵਿੱਚ, ਢਾਂਚਾ ਹੇਠ ਲਿਖੇ ਅਨੁਸਾਰ ਹੈ:



**ਉਦੇਸ਼**

ਵਿਵਸਥਿਤ ਨਸਲਵਾਦ ਅਤੇ ਜ਼ੁਲਮ ਦਾ ਖਾਤਮਾ ਅਤੇ ਨਿਰਪੱਖਤਾ ਨੂੰ ਕਾਇਮ ਕਰਨਾ ਤੇ ਜਾਰੀ ਰੱਖਣਾ



**ਵੀਧੀਆਂ**

ਆਦਰਯੋਗ ਸੰਬੰਧ ਜਿਹੜੇ ਭਾਈਚਾਰੇ ਦੇ ਰਾਜਪ੍ਰਬੰਧ 'ਤੇ ਅਧਾਰਤ ਹੋਣ



**ਸੰਧਾਂ**

ਡਿਸਐਗਰੀਗੇਟਡ ਜਨਸੰਖਿਆ ਅੰਕੜੇ (ਜੇ ਮਕਸਦ ਦੀ ਪੂਰਤੀ ਲਈ ਢੁੱਕਵੇਂ ਹੋਣ)

**ਆਦਰਯੋਗ ਸੰਬੰਧਾਂ ਦੀ ਪ੍ਰਕਿਰਿਆ,** ਜਿੱਥੇ ਹਾਸ਼ੀਆਗਤ ਭਾਈਚਾਰੇ ਡਿਸਐਗਰੀਗੇਟਡ ਅੰਕੜੇ ਇਕੱਠੇ ਕਰਨ, ਸੰਭਾਲਣ, ਵਰਤਣ ਅਤੇ ਵੰਡਣ ਦੇ ਚਾਰਾਂ ਪੜਾਵਾਂ ਵਿੱਚ ਸ਼ਾਮਲ ਹੋਣ, ਬਹੁਤ ਜ਼ਰੂਰੀ ਹੈ, ਅਤੇ ਆਦਰਯੋਗ ਸੰਬੰਧ (ਇਹਨਾਂ ਦੀ ਵਿਆਖਿਆ ਢੁੱਕਵੇਂ, ਜ਼ਿੰਮੇਵਾਰ, ਪਰਸਪਰ ਅਤੇ ਸਵੈ-ਵਾਚਕ[9] ਵਜੋਂ ਕੀਤੀ ਗਈ ਹੈ) ਬਣਾਉਣ ਲਈ ਸਿਧਾਂਤ ਤੇ ਸਰਕਾਰ ਨੂੰ ਸਿਫਾਰਸ਼ਾਂ ਇਸ ਰਿਪੋਰਟ ਦਾ ਵੱਡਾ ਭਾਗ ਹਨ।ਇਹ ਨਿਯੰਤਰਣ ਦੀ ਥਾਂ ਪਰਵਾਹ ਕਰਨ ਵੱਲ ਤਬਦੀਲੀ ਹੈ, ਜਿਹੜੀ ਗਰੈਡਮਦਰ ਪਰਿਪੇਖ ਨਾਲ ਮੇਲ ਖਾਂਦੀ ਹੈ।

ਉਸਾਰੂ ਭਾਈਚਾਰਕ ਸੰਬੰਧਾਂ ਨੂੰ ਧੁਰਾ ਬਣਾਉਣ ਲਈ ਠੋਸ, ਅਮਲੀ ਨਿਸ਼ਾਨੇ ਵੀ ਹਨ: ਜਨਸੰਖਿਆ ਸਰਵੇਖਣਾਂ ਲਈ ਜਵਾਬ ਦੇਣ ਦੀ ਦਰ ਉਦੋਂ ਉੱਪਰ ਚਲੀ ਜਾਂਦੀ ਹੈ ਜਦੋਂ ਜਵਾਬ ਕਰਤਾਵਾਂ ਦੇ ਭਾਈਚਾਰਿਆਂ ਨੂੰ ਡਿਸਐਗਰੀਗੇਟਡ ਅੰਕੜੇ ਇਕੱਠੇ ਕਰਨ ਦੀ ਕਾਰਵਾਈ ਉਲੀਕਣ ਅਤੇ ਵਿਕਸਤ ਕਰਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ।ਨਤੀਜੇ ਦੇ ਪੜਾਅ ਤੇ, ਇਸ ਤਰਾਂ ਕਰਨ ਨਾਲ ਪ੍ਰਭਾਵਿਤ ਭਾਈਚਾਰੇ ਦਿੱਤੇ ਗਏ ਹੱਲ ਛੇਤੀ ਅਪਣਾ ਲੈਂਦੇ ਹਨ, ਜਦ ਕਿ ਪਿਤਾ-ਪੁਰਖੀ ਮਾਡਲਾਂ ਨੂੰ ਆਪਣੇ ਪ੍ਰੋਗਰਾਮਾਂ ਨੂੰ ਲੋਕਾਂ ਨੂੰ ਸਮਝਾਉਣ ਵਿੱਚ ਮੁਸ਼ਕਲਾਂ ਪੇਸ਼ ਆਉਂਦੀਆਂ ਹਨ।

ਨਾਲ ਹੀ, ਸਾਡੇ ਭਾਈਚਾਰਕ ਸਲਾਹ-ਮਸ਼ਵਰਿਆਂ ਵਿੱਚ ਹਿੱਸਾ ਲੈਣ ਵਾਲੇ ਬਹੁਤੇ ਵਿਅਕਤੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ **ਸੰਬੰਧਾਂ ਦੀ ਤਬਦੀਲੀ ਵਿਵਸਥਤ ਤਬਦੀਲੀ ਨੂੰ ਤੇਜ਼ ਕਰਦੀ ਹੈ।** ਤਬਦੀਲੀ ਲਿਆਉਣ ਲਈ ਸਾਨੂੰ ਆਪਣੀ ਖੋਜ ਦਾ ਤਰੀਕਾ ਬਦਲਣ ਦੀ ਲੋੜ ਹੈ।

5. ਕਵੇਮ ਮਕੈਂਜ਼ੀ ਨਾਲ ਮੁਲਾਕਾਤ, ਅਗਸਤ 10, 2020.
6. ਸਮਿੱਥ, 1999.
7. ਬੁਆਇਲੇਵਿਨ ਅਤੇ ਹੋਰ, 2019.
8. ਬਲੈਕ ਪਬਲਿਕ ਹੈਲਥ ਕੁਲੈਕਟਿਵ, 2020.
9. ਥੀਰਾ, ਸ਼ੈਰਨ. "ਜੁਲਾਈ 28, ਨੋਟ ਔਨ ਥੀਊਰੀ ਇਨ ਪ੍ਰੋਗਰੈਸ, ਰੀ-ਥਿੰਕਿੰਗ ਦ ਫੋਰ ਆਰਜ਼," 2020.

## ਸਿਫਾਰਸ਼ਾਂ

### ਦ ਐਂਟੀ-ਡਿਸਕ੍ਰਿਮੀਨੇਸ਼ਨ ਡੈਟਾ ਐਕਟ

ਅਸੀਂ ਇੱਕ ਅਜੇਹਾ ਕਾਨੂੰਨ ਬਣਾਉਣ ਦੀ ਸਿਫਾਰਸ਼ ਕਰਦੇ ਹਾਂ ਜਿਹੜਾ ਹਾਸ਼ੀਆਗਤ ਭਾਈਚਾਰਿਆਂ ਨਾਲ ਆਦਰਯੋਗ ਸੰਬੰਧ ਬਣਾਉਣ 'ਤੇ ਕੇਂਦਰਿਤ ਹੋਵੇ ਤਾਂ ਜੋ ਭਾਈਚਾਰੇ ਦੀਆਂ ਲੋੜਾਂ ਅਤੇ ਆਵਾਜ਼ਾਂ ਨੂੰ ਅੰਕੜੇ ਇਕੱਠੇ ਕਰਨ, ਵਰਤਣ ਅਤੇ ਜਾਰੀ ਕਰਨ ਦੀਆਂ ਪ੍ਰਕਿਰਿਆਵਾਂ ਵਿੱਚ ਸਾਰਥਕ ਤੌਰ ਤੇ ਸ਼ਾਮਲ ਕੀਤਾ ਜਾਵੇ।ਭਾਈਚਾਰੇ ਦੇ ਮੈਂਬਰ, ਆਪਣੀਆਂ ਜ਼ਿੰਦਗੀਆਂ ਦੇ ਮਾਹਿਰ ਹੋਣ ਦੇ ਨਾਤੇ, ਸੰਭਾਵੀ ਅੰਕੜੇ ਇਕੱਠੇ ਕਰਨ ਦੇ ਪ੍ਰੋਜੈਕਟਾਂ ਦੀਆਂ ਤਰਜੀਹਾਂ ਤੇ ਖਤਰਿਆਂ ਨੂੰ ਸਭ ਤੋਂ ਚੰਗੀ ਤਰਾਂ ਪਛਾਣ ਸਕਦੇ ਹਨ।

ਡਿਸਐਗਰੀਗੇਟਡ ਅੰਕੜੇ ਇਕੱਠੇ ਕਰਨ, ਵਰਤਣ ਅਤੇ ਜਾਰੀ ਕਰਨ ਸਮੇਂ ਇਹ ਜ਼ਰੂਰੀ ਹੈ ਕਿ ਵਿਅਕਤੀਗਤ ਨੁਕਸਾਨ ਅਤੇ ਭਾਈਚਾਰਕ ਨੁਕਸਾਨ ਦੋਨਾਂ 'ਤੇ ਚੰਗੀ ਤਰਾਂ ਗੌਰ ਕੀਤਾ ਜਾਵੇ ਅਤੇ ਉਹਨਾਂ ਨੂੰ ਸੁਲਝਾਇਆ ਜਾਵੇ।ਬੀ.ਸੀ. ਦਾ ਮੌਜੂਦਾ ਕਾਨੂੰਨੀ ਢਾਂਚਾ ਨਿੱਜੀ ਭੇਤਦਾਰੀ ਦੀ ਸੁਰੱਖਿਆ ਰਾਹੀਂ ਵਿਅਕਤੀਗਤ ਨੁਕਸਾਨ ਨੂੰ ਘਟਾਉਣ ਲਈ ਬਣਾਇਆ ਗਿਆ ਹੈ, ਪਰ ਇਹ ਡਿਸਐਗਰੀਗੇਟਡ ਅੰਕੜਿਆਂ ਨੂੰ ਇਕੱਠਾ ਕਰਨ, ਵਰਤਣ ਅਤੇ ਜਾਰੀ ਕਰਨ ਕਰਕੇ ਭਾਈਚਾਰਿਆਂ ਨੂੰ ਹੋਣ ਵਾਲੇ ਨੁਕਸਾਨਾਂ ਬਾਰੇ ਪੂਰੀ ਤਰਾਂ ਗੌਰ ਨਹੀਂ ਕਰਦਾ ਜਾਂ ਸੁਰੱਖਿਅਤ ਨਹੀਂ ਰੱਖਦਾ, ਅਤੇ "ਲੋਕ ਹਿੱਤ"[10] ਦੇ ਸੀਮਤ ਜਿਹੇ ਹਵਾਲੇ ਦਿੰਦਾ ਹੈ। ਸਾਡੀਆਂ ਸਿਫਾਰਸ਼ਾਂ ਇਸ ਪਾੜੇ ਨੂੰ ਪੂਰਾ ਕਰਨ ਲਈ ਭਾਈਚਾਰੇ ਦੇ ਨੁਕ-ਸਾਨ ਉੱਪਰ ਸਾਰਥਕ ਵਿਚਾਰ ਅਤੇ ਭਾਈਚਾਰਿਆਂ ਨਾਲ ਮਿਲਕੇ ਜ਼ਿੰਮੇਵਾਰ ਤੇ ਨਿਰਪੱਖ ਜਾਂਚ ਕਰਾਉਣ ਦਾ ਫਰਜ਼ ਜ਼ਰੂਰੀ ਬਣਾਉਂਦੀਆਂ ਹਨ। ਸਾਡੀ ਇਹ ਵੀ ਮੰਗ ਹੈ ਕਿ ਵਿਅਕਤੀਗਤ ਨੁਕਸਾਨ ਤੋਂ ਸੁਰੱਖਿਆਵਾਂ ਨੂੰ ਨਿੱਜੀ ਭੇਤਦਾਰੀ ਲਈ ਨਵੀਆਂ ਚੁਣੌਤੀਆਂ ਦੇ ਹਾਣ ਦਾ ਬਣਾਇਆ ਜਾਵੇ।

ਸਾਡੀ ਸਿਫਾਰਸ਼ ਹੈ ਕਿ ਸਰਕਾਰ **ਐਂਟੀ-ਡਿਸਕ੍ਰਿਮੀਨੇਸ਼ਨ ਡੈਟਾ ਐਕਟ (ਏਡੀਡੀਏ)** ਦਾ ਖਰੜਾ ਬਣਾਵੇ ਜਿਹੜਾ ਸਮਾਜਕ ਤਬਦੀਲੀ ਲਈ ਜਨਸੰਖਿਆ ਅੰਕੜੇ ਇਕੱਤਰ ਕਰਨ, ਵਰਤਣ ਅਤੇ ਜਾਰੀ ਕਰਨ ਨੂੰ ਕਾਨੂੰਨੀ ਦਰਜਾ ਦੇਵੇ।ਸਾਡੀ ਇਹ ਵੀ ਸਿਫਾਰਸ਼ ਹੈ ਕਿ ਸਰਕਾਰ ਬੀਸੀ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨਰ ਦੇ ਦਫਤਰ ਅਤੇ ਆਫਿਸ ਆਫ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਫਾਰ ਬ੍ਰਿਟਿਸ਼ ਕੋਲੰਬੀਆ ਨਾਲ ਸਲਾਹ-ਮਸ਼ਵਰੇ ਰਾਹੀਂ ਏਡੀਡੀਏ ਨੂੰ ਤਿਆਰ ਕਰੇ।

**ਏਡੀਡੀਏ ਦਾ ਉਦੇਸ਼ ਬੀਸੀ ਹਿਊਮਨ ਰਾਈਟਸ ਕੋਡ ਦਾ ਸਮੱਰਥਨ ਕਰਨਾ ਹੋਵੇਗਾ।** ਇਹ ਕੋਡ ਰਚਨਾਤਮਕ ਤਬਦੀਲੀ ਲਈ ਕਾਇਮ ਕੀਤੀ ਗਈ ਸੀ, ਸਮੇਤ "ਇਸ ਕੋਡ ਅਧੀਨ ਪਾਬੰਦੀਸ਼ੁਦਾ ਵਿਤਕਰੇ ਨਾਲ ਜੁੜੀ ਸਥਾਈ ਨਾਬਰਾਬਰੀ ਦੇ ਰੁਝਾਨਾਂ ਦੀ ਪਛਾਣ ਅਤੇ ਉਹਨਾਂ ਦਾ ਖਾਤਮਾ ਕਰਨਾ"। [11] ਇਸਦੇ ਨਾਲ ਹੀ, ਏਡੀਡੀਏ ਲਈ ਜ਼ਰੂਰੀ ਹੈ ਕਿ ਉਹ ਗਰੀਬੀ ਘਟਾਓ ਸਟ੍ਰੈਟੇਜੀ ਕਾਨੂੰਨ[12] ਅਤੇ ਮੂਲਵਾਦੀ ਲੋਕਾਂ ਦੇ ਹੱਕਾਂ ਬਾਰੇ ਐਲਾਨਨਾਮੇ ਦੇ ਕਾਨੂੰਨ (ਡੀ ਆਰ ਆਈ ਪੀ ਏ) [13] ਦੇ ਉਦੇਸ਼ਾਂ ਦੀ ਪੂਰਤੀ ਕਰੇ।ਇਸ ਸਮੇਂ ਸਮਾਜਕ ਹਾਲਤ (ਜਾਂ ਗਰੀਬੀ) ਅਤੇ ਮੂਲਵਾਦੀ ਪਛਾਣ ਨੂੰ ਬੀਸੀ ਹਿਊਮਨ ਰਾਈਟਸ ਕੋਡ ਹੇਠ ਸੁਰੱਖਿਆ ਹਾਸਲ ਨਹੀਂ ਹੈ ਪਰ ਇਹਨਾਂ ਖੇਤਰਾਂ ਨਾਲ ਸੰਬੰਧਤ ਜਨਸੰਖਿਆ ਅੰਕੜੇ "ਵਿਤਕਰੇ ਨਾਲ ਜੁੜੀ ਨਾਬਰਾਬਰੀ ਦੇ ਸਥਾਈ ਰੁਝਾਨਾਂ"[14] ਦੀ ਪਛਾਣ ਕਰਨ ਅਤੇ ਉਹਨਾਂ ਦੇ ਖਾਤਮੇ ਲਈ ਮਹੱਤਵਪੂਰਣ ਹਨ।

ਏਡੀਡੀਏ ਬੀ.ਸੀ. ਦੀ ਸਰਕਾਰ ਵੱਲੋਂ ਜੈਂਡਰ-ਬੇਸਡ ਅਨੈਲੇਸਿਸ ਪਲੱਸ (ਜੀਬੀਏ+) ਦੀ ਹਮਾਇਤ ਵੀ ਕਰਦਾ ਹੈ, ਜੋ ਕਿ ਸਾਰੀ ਸਰਕਾਰ ਵਿੱਚ ਲਾਗੂ ਕੀਤਾ ਜਾਂਦਾ ਵਿਸ਼ਲੇਸ਼ਣ ਦਾ ਇੱਕ ਮਾਧਿਅਮ ਹੈ ਜਿਹੜਾ ਕਾਟ ਕਰਨ ਵਾਲੇ ਸਮਾਜਕ-ਜਨਸੰਖਿਆ ਤੱਤਾਂ ਜਿਵੇਂ ਕਿ ਨਸਲ, ਨਸਲੀ ਪਿਛੋਕੜ, ਆਮਦਨ, ਉਮਰ ਅਤੇ ਅਪੰਗਤਾ[15] ਤੇ ਗੌਰ ਕਰਦੇ ਹੋਏ ਔਰਤਾਂ, ਮਰਦਾਂ ਅਤੇ ਲਿੰਗਕ ਭਿੰਨਤਾ ਵਾਲੇ ਲੋਕਾਂ ਉੱਪਰ ਨੀਤੀਆਂ, ਪ੍ਰੋਗਰਾਮਾਂ ਅਤੇ ਉਪਰਾਲਿਆਂ ਦੇ ਵੱਖ ਵੱਖ ਅਸਰਾਂ ਦਾ ਜਾਇਜ਼ਾ ਲੈਂਦਾ ਹੈ।

ਏਡੀਡੀਏ ਬੀ.ਸੀ. ਦੇ ਮੁਜਦਾ ਡੈਟਾ ਇਨੋਵੇਸ਼ਨ ਪ੍ਰੋਗਰਾਮ (ਡੀਆਈਪੀ) ਨੂੰ ਅੱਗੇ ਲਿਜਾਂਦਾ ਹੈ।ਇਸ ਪ੍ਰੋਗਰਾਮ ਵੱਲੋਂ ਸਾਰੇ ਜਨਤਕ ਅਦਾਰਿਆਂ ਵਿੱਚ ਜਨਸੰਖਿਆ ਅੰਕੜਿਆਂ ਨੂੰ ਜਾਰੀ ਕਰਨ ਦੀ ਸੁਰੱਖਿਆ ਦੀ ਜੁਗਤ ਇੱਕ ਮਜ਼ਬੂਤ ਢਾਂਚਾ ਪ੍ਰਦਾਨ ਕਰਦੀ ਹੈ ਜਿਸਨੂੰ ਕਾਨੂੰਨੀ ਅਤੇ ਅਮਲੀ ਰੂਪ ਦੇਣ ਦੀ ਲੋੜ ਹੈ। ਨਿਰਪੱਖਤਾ ਨਾਲ ਸੰਬੰਧਤ ਵਿਸ਼ਿਆਂ ਬਾਰੇ ਅੰਕੜਿਆਂ ਦੇ ਵਿਸ਼ਲੇਸ਼ਣ ਲਈ ਡੀ ਆਈ ਪੀ ਇੱਕ ਚੰਗਾ ਮਾਡਲ ਹੈ, ਖਾਸ ਕਰਕੇ ਉਹ ਵਿਸ਼ੇ ਜਿਹੜੇ ਸੰਭਾਵੀ ਨਾਜ਼ੁਕ ਜਾਣਕਾਰੀ ਨਾਲ ਜੁੜੇ ਹੋਏ ਹਨ, ਜਿਵੇਂ ਕਿ ਜਿਨਸੀ ਪਛਾਣ, ਲਿੰਗ, ਨਸਲ, ਨਸ਼ਿਆਂ ਦੀ ਵਰਤੋਂ ਜਾਂ ਬੇਘਰੇ ਹੋਣਾ।ਅਜਿਹਾ ਇਸ ਲਈ ਕਿਉਂਕਿ ਇਹ ਪਛਾਣ-ਰਹਿਤ ਅੰਕੜਿਆਂ (ਨਿੱਜੀ ਪਛਾਣ ਦੱਸਣ ਵਾਲੀ ਕੋਈ ਜਾਣਕਾਰੀ ਨਹੀਂ ਜਿਵੇਂ ਕਿ ਨਾਂ ਅਤੇ ਪਤਾ) ਨੂੰ ਉਸੇ ਪੱਧਰ ਦੀ ਗੁਪਤਤਾ ਨਾਲ ਲੈਂਦਾ ਹੈ ਜਿਹੜੀ ਨਿੱਜੀ ਜਾਣਕਾਰੀ ਪ੍ਰਤੀ ਵਰਤੀ ਜਾਂਦੀ ਹੈ।ਅਜੋਕੀ ਤਕਨਾਲੋਜੀ ਨਾਲ ਪਛਾਣ-ਰਹਿਤ ਅੰਕੜਿਆਂ ਦੀ ਮੁੜ-ਪਛਾਣ ਕਰਨ ਦਾ ਖਤਰਾ ਵੱਧ ਗਿਆ ਹੈ- ਦੂਜੇ ਸ਼ਬਦਾਂ ਵਿੱਚ, ਅੰਕੜਿਆਂ ਨੂੰ ਮੁੜ ਕੇ ਸੰਬੰਧਤ ਵਿਅਕਤੀ

10. ਉਦਾਹਰਣ ਐਫ ਆਈ ਪੀ ਪੀ ਏ ਲਈ ਵੇਖੋ, ਐਸ ਐਸ 25 ਅਤੇ 35 (1) (ਬੀ).
11. ਮਨੁੱਖੀ ਅਧਿਕਾਰ ਕੋਡ, ਐਸ. 3 (ਡੀ).
12. ਮਨੁੱਖੀ ਅਧਿਕਾਰ ਕੋਡ, ਐਸ. 3 (ਡੀ).
13. ਰਾਈਟਸ ਆਫ ਇੰਡਿਜਨਸ ਪੀਪਲਜ਼ ਐਕਟ ਬਾਰੇ ਐਲਾਨਨਾਮਾ, ਐਸ, ਬੀ. ਸੀ. 2019.
14. ਰਾਈਟਸ ਆਫ ਇੰਡਿਜਨਸ ਪੀਪਲਜ਼ ਐਕਟ ਬਾਰੇ ਐਲਾਨਨਾਮਾ, ਐਸ, ਬੀ. ਸੀ. 2019.

ਨਾਲ ਜੋੜੇ ਜਾਣ ਦੀ ਸੱਚ-ਮੁੱਚ ਸੰਭਾਵਨਾ ਹੈ। ਡੀ ਆਈ ਪੀ ਦੀ ਪਹੁੰਚ ਨਿੱਜੀ ਜਾਣਕਾਰੀ ਦੇ ਨਾਲ ਨਾਲ ਪਛਾਣ-ਰਹਿਤ ਅੰਕੜਿਆਂ ਨੂੰ ਸੁਰੱਖਿਅਤ ਰੱਖਣ ਵੱਲ ਵਧਣ ਦੇ ਪ੍ਰਾਈਵੇਸੀ ਕਾਨੂੰਨ ਦੇ ਰੁਝਾਨ ਨਾਲ ਮੇਲ ਖਾਂਦੀ ਹੈ। ਪ੍ਰੋਗਰਾਮ ਵਿੱਚ ਆਪਣੀ ਪ੍ਰਾਈਵੇਸੀ ਅਤੇ ਸੁਰੱਖਿਆ ਢਾਂਚੇ ਵਜੋਂ ਅੰਤਰਰਾਸ਼ਟਰੀ ਮਾਨਤਾ-ਪ੍ਰਾਪਤ ਫਾਈਵ ਸੇਫਸ ਮਾਡਲ ਨੂੰ ਲਾਗੂ ਕੀਤਾ ਗਿਆ ਹੈ-
ਸੇਫ: ਲੋਕ, ਪ੍ਰੋਜੈਕਟ, ਅੰਕੜੇ, ਸੈਟਿੰਗਜ਼, ਆਊਟ-ਪੁੱਟ।

ਏਡੀਡੀਏ ਡਿਸਐਗਰੀਗੇਟਡ ਜਨਸੰਖਿਆ ਅੰਕੜਿਆਂ ਨੂੰ ਇਕੱਤਰ ਕਰਨ, ਵਰਤਣ ਅਤੇ ਜਾਰੀ ਕਰਨ ਦਾ ਢਾਂਚਾ ਬਣਾਵੇਗਾ ਅਤੇ ਇਸ ਵਿੱਚ ਸ਼ਾਮਲ ਧਾਰਾਵਾਂ ਨੂੰ ਇਹ ਉਲੀਕਣਾ ਚਾਹੀਦਾ ਹੈ:

1. **ਗੁਪਤਤਾ ਸੁਰੱਖਿਆਵਾਂ ਬੀ.ਸੀ. ਦੇ ਡੈਟਾ ਇਨੋਵੇਸ਼ਨ ਪ੍ਰੋਗਰਾਮ ਦੇ ਅਨੁਕੂਲ ਹੋਣ,** ਇਹਨਾਂ ਦੇ ਸਮੇਤ: ਫਾਈਵ ਸੇਫਸ ਮਾਡਲ, ਪਛਾਣ-ਰਹਿਤ ਅੰਕੜਿਆਂ ਅਤੇ ਨਿੱਜੀ ਪਛਾਣਯੋਗ ਅੰਕੜਿਆਂ ਦੀ ਸੁਰੱਖਿਆ ਅਤੇ ਗੁਪਤਤਾ ਦੇ ਅਸਰਾਂ ਦੇ ਜਾਇਜ਼ਿਆਂ ਨੂੰ ਸੰਭਾਵੀ ਵਿਅਕਤੀਗਤ ਤੇ ਭਾਈਚਾਰਕ ਨੁਕਸਾਨਾਂ ਲਈ ਪੂਰੀ ਸੋਚ ਵਿਚਾਰ ਤੋਂ ਬਾਅਦ ਮੁਕੰਮਲ ਕਰਨਾ।

2. **ਮੂਲਵਾਦੀ ਸੰਸਥਾਵਾਂ ਅਤੇ ਸਰਕਾਰਾਂ (ਨੇਸ਼ਨ-ਟੂ-ਨੇਸ਼ਨ ਸੰਬੰਧਾਂ ਦੇ ਆਧਾਰ ਤੇ) ਦੇ ਨਾਲ** ਸਵੈ-ਨਿਰਣੇ ਅਤੇ ਪ੍ਰਭੁਸੱਤਾ ਦੀ ਹਮਾਇਤ ਵਿੱਚ ਅੰਕੜਿਆਂ ਦੇ ਨਿਯੰਤਰਣ ਦਾ ਮਾਡਲ ਤਿਆਰ ਕਰਨਾ।

3. **ਇੱਕ ਕਮਿਊਨਿਟੀ ਗਵਰਨੈਂਸ ਬੋਰਡ[16] ਕਾਇਮ ਕਰਨਾ ਜਿਹੜਾ ਸਰਕਾਰ[17] ਨਾਲ ਮਿਲਕੇ ਫੈਸਲੇ ਕਰੇ,** ਜਿਸਦੀ ਮੈਂਬਰਸ਼ਿਪ ਵਿੱਚ ਵਿਵਸਥਿਤ ਜੁਰਮਾਂ ਦਾ ਸ਼ਿਕਾਰ ਭਾਈਚਾਰਿਆਂ ਦੇ ਮੈਂਬਰ ਸ਼ਾਮਲ ਕੀਤੇ ਜਾਣ ਜਿਹਨਾਂ ਬਾਰੇ ਅੰਕੜੇ- ਨਸਲ-ਅਧਾਰਿਤ, ਮੂਲਵਾਦੀ, ਲਿੰਗਕ ਪਛਾਣ, ਅਤੇ ਅਪੰਗਤਾ ਦੇ ਅੰਕੜੇ- ਇਕੱਤਰ ਕੀਤੇ ਜਾਣਗੇ।ਇਹ ਪਹੁੰਚ ਸਾਡੀਆਂ ਪਛਾਣਾਂ ਅਤੇ ਜ਼ਿੰਦਗੀਆਂ ਦੇ ਆਪਸੀ ਸੰਬੰਧ ਦਾ ਸਮੱਰਥਨ ਕਰਦੀ ਹੈ।ਇਹ ਬੋਰਡ ਜਾਣਕਾਰੀ ਸਾਂਝੀ ਕਰਨ ਬਾਰੇ ਇਕਰਾਰਨਾਮਿਆਂ ਸਮੇਤ ਇੱਕ ਅੰਕੜਾ ਨਿਯੰਤਰਣ ਮਾਡਲ ਤਿਆਰ ਕਰਨ ਦਾ ਕੰਮ ਕਰੇਗਾ।

4. **ਇੱਕ ਕਮਿਊਨਿਟੀ ਡੈਟਾ ਸਕੱਤਰੇਤ** ਜਿਹੜੀ ਇਸ ਬੋਰਡ ਲਈ ਰੀੜ੍ਹ ਦੀ ਹੱਡੀ ਦਾ ਕੰਮ ਕਰੇਗੀ, ਨਾਲ ਹੀ ਲੋੜ ਪੈਣ ਤੇ ਸਾਰਥਕ ਸ਼ਾਮੂਲੀਅਤ ਲਈ ਵਾਧੂ ਵਿਅਕਤੀਗਤ ਮਦਦ ਦੇ, ਤਾਂ ਜੋ ਵਿੱਤੀ, ਤਾਲਮੇਲ ਅਤੇ ਤਕਨਾਲੋਜੀ ਦੀਆਂ ਰੁਕਾਵਟਾਂ ਨਾਲ ਨਿਪਟਿਆ ਜਾ ਸਕੇ।

5. **ਕਮਿਊਨਿਟੀ ਗਵਰਨੈਂਸ ਬੋਰਡ ਦੀ ਪਰਿਭਾਸ਼ਾ ਅਨੁਸਾਰ ਅਤੇ ਭਾਈਚਾਰਿਆਂ ਨਾਲ ਖੁੱਲ੍ਹੀ ਗੱਲਬਾਤ ਰਾਹੀਂ** ਡੈਟਾ ਦੇ ਮਿਆਰ ਕਾਇਮ ਕਰਨੇ (ਵੇਰਵੇ ਹੇਠਾਂ ਦੇਖੋ)।

6. **ਆਫਿਸ ਆਫ ਦ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਦੇ ਕਾਰਜ-ਖੇਤਰ ਨੂੰ ਵਧਾਉਣਾ।** ਇਸ ਕਾਨੂੰਨ ਦੇ ਅਧੀਨ ਆਉਣ ਵਾਲੇ ਡੈਟਾ ਨੂੰ ਇੱਕਤਰ ਕਰਨ, ਵਰਤਣ ਅਤੇ ਜਾਰੀ ਕਾਰਨ ਨਾਲ ਸੰਬੰਧਿਤ ਸ਼ਿਕਾਇਤਾਂ ਅਤੇ ਖਦਸ਼ਿਆਂ ਦੇ ਮੁਲਾਂਕਣ ਸ਼ਾਮਿਲ ਕਾਰਨ ਲਈ

ਏਡੀਡੀਏ ਦੇ ਇਸ ਆਰੰਭ ਦੇ ਨਾਲ ਨਾਲ **ਇੱਕ ਵਿਸਤ੍ਰਿਤ ਸਿਖਲਾਈ ਅਤੇ ਸਿਖਿਆ ਪ੍ਰੋਗਰਾਮ ਲਾਗੂ ਕੀਤਾ ਜਾਵੇ।** ਇਸ ਵਿੱਚ ਜਨਸੰਖਿਆ ਅੰਕੜੇ ਸਰਵੇਖਣਾਂ ਦਾ ਪ੍ਰਬੰਧ ਅਤੇ ਵਿਸ਼ਲੇਸ਼ਣ ਕਰਨ ਵਾਲੇ ਜਨਤਕ ਖੇਤਰ ਦੇ ਸਟਾਫ ਦੀ ਸਿਖਲਾਈ ਅਤੇ ਡਿਸਐਗਰੀਗੇਟਡ ਅੰਕੜੇ ਇਕੱਤਰ ਕਰਨ ਦੇ ਲਾਭਾਂ ਅਤੇ ਇਹਨਾਂ ਅੰਕੜਾ ਉਪਰਾਲਿਆਂ ਨਾਲ ਸੰਬੰਧਤ ਵਧੇਰੇ ਗੁਪਤਤਾ ਸੁਰੱਖਿਆਵਾਂ ਬਾਰੇ ਜਾਣਕਾਰੀ ਵਿੱਚ ਵਾਧਾ ਕਰਨ ਲਈ ਇੱਕ ਵਿਸ਼ਾਲ ਜਨਤਕ ਸਿਖਿਆ ਮੁਹਿੰਮ ਸ਼ਾਮਲ ਹੋਣਗੇ।

## ਡੈਟਾ ਦੇ ਮਿਆਰ

ਉੱਪਰ ਦਿੱਤੇ ਹਵਾਲੇ ਅਨੁਸਾਰ, ਪ੍ਰਸਤਾਵਿਤ ਏਡੀਡੀਏ ਵਿੱਚ ਅੰਕੜੇ ਇਕੱਤਰ ਕਰਨ ਲਈ ਦਿਸ਼ਾ-ਨਿਰਦੇਸ਼ ਦੇਣ ਲਈ ਡੈਟਾ ਸਟੈਂਡਰਡਜ਼ ਤਿਆਰ ਕਰਨ ਦਾ ਆਦੇਸ਼ ਸ਼ਾਮਲ ਹੈ।ਅਸੀਂ ਇਹਨਾਂ ਡੈਟਾ ਸਟੈਂਡਰਜ਼ ਲਈ ਇੱਕ ਢਾਂਚਾ ਬਣਾਉਣ ਦੀ ਸਿਫਾਰਸ਼ ਵੀ ਕਰਦੇ ਹਾਂ, ਜਿਸ ਵਿੱਚ ਕਿਸੇ ਅੰਕੜਾ ਪ੍ਰੋਜੈਕਟ ਲਈ ਮਨਜ਼ੂਰੀ ਤੋਂ ਪਹਿਲਾਂ ਨਿਰਪੱਖਤਾ ਅਸਰ ਮੁਲਾਂਕਣ ਪ੍ਰਕਿਰਿਆ ਦਾ ਪਾਲਣ ਕਰਨਾ ਜ਼ਰੂਰੀ ਹੋਵੇ।ਇਸ ਢਾਂਚੇ ਦੇ ਤਿੰਨ ਹਿੱਸੇ ਹਨ: ਪ੍ਰੋਜੈਕਟ ਦਾ ਮਕਸਦ ਬਿਆਨ ਕਰਨਾ, ਆਦਰਯੋਗ ਪ੍ਰਕਿਰਿਆ ਕਾਇਮ ਕਰਨੀ ਅਤੇ ਭਾਈਚਾਰੇ ਨਾਲ ਮਾਧਿਅਮ (ਅੰਕੜੇ ਇਕੱਤਰ ਕਰਨਾ, ਵਰਤਣਾ ਅਤੇ ਜਾਰੀ ਕਰਨਾ) ਦੀ ਗੁੰਜਾਇਸ਼ ਅਤੇ ਸੀਮਾਵਾਂ ਨੂੰ ਬਿਆਨ ਕਰਨਾ। ਮੁਲਾਂਕਣ ਦੇ ਇਸ ਮਾਧਿਅਮ ਲਈ ਪ੍ਰੋਜੈਕਟ-ਅਧਾਰਿਤ ਪ੍ਰਤੀਕਿਰਿਆਵਾਂ ਨੂੰ ਇਨਫਰਮੇਸ਼ਨ ਸ਼ੇਅਰਿੰਗ ਐਗਰੀਮੈਂਟ ਦਾ ਅਨਿੱਖੜਵਾਂ ਅੰਗ ਬਣਾਉਣਾ ਲਾਜ਼ਮੀ ਹੈ ਤਾਂ ਜੋ ਭਾਈਚਾਰੇ ਨਾਲ ਸੰਬੰਧਾਂ ਵਿੱਚ ਇਸ ਪ੍ਰੋਜੈਕਟ ਲਈ ਇੱਕ ਸਮਰੱਥ ਅਤੇ ਢੁੱਕਵਾਂ ਜਵਾਬਦੇਹੀ ਪ੍ਰਬੰਧ ਕਾਇਮ ਕੀਤਾ ਜਾਵੇ।

15. ਬ੍ਰਿਟਿਸ ਕੋਲੰਬੀਆ ਦੀ ਸਰਕਾਰ।
16. ਈ-ਗੈਪ ਦੇ ਅੰਦਰ ਨਿਰਧਾਰਿਤ ਕੀਤੇ ਮਾਡਲ ‘ਤੇ ਅਧਾਰਿਤ: ਬੇਲੀ ਅਤੇ ਹੋਰ, 2020.
17. ਮੈਨਡੇਟਿੰਗ ਗੋਵਰਨਮੈਂਟ ਏਂਗੇਜਮੈਂਟ ਓਨ ਦੀ ਰਾਈਟ ਓਫ ਦੀ ਿਅਫ2 ਸਪੈਕਟ੍ਰਮ : ਕੋਲੈਬੋਰੇਟ

### ਫੌਰੀ ਕੇਂਦਰਿਤ ਮੌਕੇ

ਉਸ ਸਮੇਂ ਕਾਰਵਾਈ ਕਰਨ ਦਾ ਫਰਜ਼ ਹੁੰਦਾ ਹੈ ਜਦੋਂ ਅੰਕੜੇ ਗਾਇਬ ਹੋਣ ਕਰਕੇ ਕੋਈ ਮਨੁੱਖੀ ਜਾਨ ਜਾ ਸਕਦੀ ਹੋਵੇ।[18] ਗਿਣਤੀ ਮਹੱਤਵਪੂਰਣ ਹੁੰਦੀ ਹੈ। ਅੰਕੜਿਆਂ ਵਿਚਲੀਆਂ ਜਾਰੀ ਖਾਮੋਸ਼ੀਆਂ ਕਰਕੇ ਸਭ ਤੋਂ ਵੱਧ ਵਿਵਸਥਿਤ ਜੁਰਮਾਂ ਦਾ ਸ਼ਿਕਾਰ ਭਾਈਚਾਰਿਆਂ ਨੂੰ ਨੁਕਸਾਨ ਪੁੱਜਿਆ ਹੈ। ਭਾਵੇਂ ਹਿੱਸਾ ਲੈਣ ਵਾਲਿਆਂ ਨੇ ਹੌਲੀ ਚੱਲਣ ਅਤੇ ਆਦਰਯੋਗ ਸੰਬੰਧ ਬਣਾਉਣ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ, ਪਰ ਉਹਨਾਂ ਨੇ ਇਹ ਗੱਲ ਵੀ ਜ਼ੋਰ ਨਾਲ ਕਹੀ ਹੈ ਕਿ ਖੋਜ ਉੱਪਰ ਬਹੁਤ ਜ਼ਿਆਦਾ ਕੇਂਦਰਿਤ ਕਰਨ ਨਾਲ ਉਹ ਕਾਰਜ ਰੁਕ ਸਕਦੇ ਹਨ ਜਿਹਨਾਂ ਨਾਲ ਉਸ ਸਮੇਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਜਦੋਂ ਭਾਇ-ਚਾਰਿਆਂ ਨੇ ਪਹਿਲਾਂ ਹੀ ਸਪੱਸ਼ਟ ਅਤੇ ਮੌਜਦਾ ਖਤਰਿਆਂ ਅਤੇ ਉਹਨਾਂ ਦੇ ਹੱਲਾਂ ਦੀ ਨਿਸ਼ਾਨਦੇਹੀ ਕਰ ਲਈ ਹੋਵੇ।

ਭਾਵੇਂ ਸਰਕਾਰ ਵੱਲੋਂ ਨਿਰਪੱਖਤਾ ਦੀ ਤਲਾਸ਼ ਕਰ ਰਹੇ ਪ੍ਰੋਜੈਕਟਾਂ ਲਈ ਕਮਿਉਨਿਟੀ ਡੈਟਾ ਗਵਰਨੈਂਸ ਦੀ ਹਮਾਇਤ ਵਿੱਚ ਕਾਨੂੰਨੀ ਢਾਂਚਾ ਕਾਇਮ ਕੀਤਾ ਜਾ ਰਿਹਾ ਹੈ, ਅਸੀਂ ਸਿਫਾਰਸ਼ ਕਰਦੇ ਹਾਂ ਕਿ ਸਰਕਾਰ ਤੁਰੰਤ ਇਹਨਾਂ ਖੇਤਰਾਂ ਵਿੱਚ ਡਿਸੈਗਰੀਗੇਟਡ ਜਨਸੰਖਿਆ ਅੰਕੜੇ ਇਕੱਠੇ ਕਰਨੇ ਸ਼ੁਰੂ ਕਰੇ: ਸਿਹਤ ਸੇਵਾਵਾਂ; ਮਾਨਸਿਕ ਸਿਹਤ; ਪੁਲਿਸ; ਜੇਲ੍ਹਾਂ; ਗਰੀਬੀ ਘਟਾਓ; ਸਿਖਿਆ; ਲਿੰਗ-ਅਧਾਰਿਤ ਹਿੰਸਾ ਅਤੇ ਬਾਲ ਤੇ ਪਰਿਵਾਰ ਵਿਕਾਸ।

## ਅਗਲੇ ਕਦਮ

ਅਸੀਂ ਇਸ ਪ੍ਰੋਜੈਕਟ ਰਾਹੀਂ ਭਾਈਚਾਰੇ ਦੇ ਮਾਹਿਰਾਂ ਕੋਲੋਂ ਬਹੁਤ ਕੁੱਝ ਸਿਖਿਆ ਹੈ।ਭਾਵੇਂ ਡਿਸੈਗਰੀਗੇਟਡ ਜਨਸੰਖਿਆ ਅੰਕੜਿਆਂ ਕੋਲ ਵਿਵਸਥਿਤ ਅਸਮਾਨਤਾਵਾਂ ਨੂੰ ਸਾਹਮਣੇ ਲਿਆਉਣ ਅਤੇ ਉਸਾਰੂ ਨੀਤੀਆਂ ਬਣਾਉਣ ਬਾਰੇ ਚੋਖੀ ਸ਼ਕਤੀ ਹੈ, ਇਸਦੇ ਨਾਲ ਹੀ ਵਿਅਕਤੀਗਤ ਅਤੇ ਭਾਈਚਾਰਕ ਨੁਕਸਾਨ ਦੇ ਸੰਬੰਧ ਵਿੱਚ ਵੱਡੇ ਖਤਰੇ ਵੀ ਮੌਜੂਦ ਹਨ। ਇਹ ਲਾਭ ਲੈਣ ਅਤੇ ਖਤਰਿਆਂ ਤੋਂ ਬਚਾਅ ਕਰਨ ਲਈ ਐਂਟੀ-ਡਿਸਕ੍ਰਿਮੀਨੇਸ਼ਨ ਡੈਟਾ ਐਕਟ ਅਤੇ ਸੰਬੰਧਤ ਡੈਟਾ ਸਟੈਂਡਰਡਜ਼ ਨੂੰ ਡੈਟਾ ਗਵਰਨੈਂਸ ਦਾ "ਦ ਗਰੈਂਡਮਦਰ ਪਰਿਪੇਖ" ਕੰਟਰੋਲ ਕਰਨ ਦੀ ਥਾਂ ਪਰਵਾਹ ਕਰਨੀ ਬਣਾਉਣ ਅਤੇ ਅੰਕੜੇ ਇਕੱਠੇ ਕਰਨ, ਵਰਤਣ ਅਤੇ ਜਾਰੀ ਕਰਨ ਲਈ ਉਪਯੋਗੀ, ਠੋਸ ਤਰੀਕਿਆਂ ਦਾ ਪ੍ਰਬੰਧ ਕਰਨ ਦੀ ਜ਼ਰੂਰਤ ਹੈ।

ਮੁੱਢਲੇ ਨੁਕਤੇ ਤੇ ਮੁੜਦੇ ਹੋਏ, ਭਾਈਚਾਰਿਆਂ ਵੱਲੋਂ ਸਮੇਂ ਅਤੇ ਗਿਆਨ ਦੇ ਫਰਾਖ-ਦਿਲ ਤੋਹਫਿਆਂ ਦੇ ਸ਼ੁਕਰਾਨੇ ਵਜੋਂ, ਸਾਨੂੰ ਉਮੀਦ ਹੈ ਕਿ ਇਹ ਰਿਪੋਰਟ ਭਾਈਚਾਰਿਆਂ ਨੂੰ ਇਵਜ਼ਾਨੇ ਵਜੋਂ ਇੱਕ ਨਵੇਂ ਗਵਰਨੈਂਸ ਮਾਡਲ ਦਾ ਢਾਂਚਾ ਪ੍ਰਦਾਨ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡਿਸਐਗਰੀਗੇਟਡ ਜਨਸੰਖਿਆ ਅੰਕੜੇ ਇਕੱਠੇ ਕਰਨ, ਵਰਤਣ ਅਤੇ ਜਾਰੀ ਕਰਨ ਨਾਲ ਭਾਈਚਾਰਿਆਂ ਨੂੰ ਲਾਭ ਪਹੁੰਚੇ।

ਅਸੀਂ ਵਿਧਾਨ ਸਭਾ ਨੂੰ ਇਹ ਸਿਫਾਰਸ਼ਾਂ ਦੇਣ ਦੇ ਮੌਕੇ ਦੀ ਕਦਰ ਕਰਦੇ ਹਾਂ। ਅਸੀਂ ਮਿਲਕੇ ਕੰਮ ਕਰਨ ਦੀ ਉਮੀਦ ਕਰਦੇ ਹਾਂ ਤਾਂ ਜੋ ਇਹ ਯਕੀਨੀ ਬਣ-ਾਇਆ ਜਾ ਸਕੇ ਕਿ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਦੇ ਮਨੁੱਖੀ ਹੱਕ ਹੁਣ ਅਤੇ ਭਵਿੱਖ ਵਿੱਚ ਸੁਰੱਖਿਆ ਰਹਿਣ।

## ਸਰੋਤ

ਪੂਰੀ ਰਿਪੋਰਟ ਇੱਥੇ ਪੜ੍ਹੋ: ਡਿਸਐਗਰੀਗੇਟਡ ਡੈਟਾ ਕੁਲੈਕਸ਼ਨ ਇਨ ਬ੍ਰਿਟਿਸ਼ ਕੋਲੰਬੀਆ: ਦ ਗਰੈਂਦਮਦਰ ਪ੍ਰਸਪੈਕਟਿਵ: bchumanrights.ca/datacollection

ਬੀ. ਸੀ. ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫਤਰ ਬਾਰੇ ਵਧੇਰੇ ਜਾਣਕਾਰੀ ਇੱਥੋਂ ਲਵੋ: bchumanrights.ca

ਮਨੁੱਖੀ ਹੱਕਾਂ ਬਾਰੇ ਸਾਨੂੰ ਫਾਲੋ ਕਰੋ, ਟਵਿਟਰ ਤੇ @HumanRights4BC, ਫੇਸਬੁੱਕ ਤੇ facebook.com/HumanRights4BC ਅਤੇ ਇੰਸਟਾਗਰ-ਾਮ ਤੇ (@HumanRights4BC).

18. ਵੇਖੋ 'ਕੌਟ ਇਨ ਦ ਮਿਡਲ', ਜਿਹੜੀ ਬੱਚਿਆਂ ਅਤੇ ਨੌਜਵਾਨਾਂ ਦੇ ਪ੍ਰਤੀਨਿਧ ਵੱਲੋਂ ਇੱਕ ਰਿਪੋਰਟ ਹੈ ਅਤੇ ਇੱਕ ਜਵਾਨ ਵਿਅਕਤੀ ਦੀ ਮੌਤ ਨਾਲ ਸੰਬੰਧਤ ਹਾਲਾਤ ਬਿਆਨ ਕਰਦੀ ਹੈ। ਨਸਲੀ ਪਿਛੋਕੜ ਬਾਰੇ ਅੰਕੜੇ ਇਕੱਠੇ ਕਰਨ ਨਾਲ ਇਸ ਹਾਲਤ ਵਿੱਚ ਮਦਦ ਹੋ ਸਕਦੀ ਸੀ ਅਤੇ ਇਹ ਸਾਡੀਆਂ ਸਿਫਾਰਸ਼ਾਂ ਵਿੱਚ ਦਰਜ ਹੈ: https://rcybc.ca/wp-content/uploads/2019/12/rcy-caught-in-the-middle_nov2019-webversion.pdf

British Columbia's
**Office of the Human Rights Commissioner**

750 – 999 Canada Place
Vancouver, BC V6C 3E1
1-844-922-6472 | **info@bchumanrights.ca**

bchumanrights.ca
@humanrights4bc
humanrights4bc